# ਸਕੂਲ ਭਾਈਚਾਰੇ ਦਾ ਅਧਿਕਾਰ-ਪੱਤਰ

**Collaborative.** **Respectful.** **Communication.**
**ਸਹਿਯੋਗੀ।** **ਸਤਿਕਾਰ ਵਾਲਾ।** **ਸੰਚਾਰਣ।**

ਹੇਠ ਦਿਤਾ ਗਿਆ ਸਕੂਲ ਭਾਇਚਾਰੇ ਦਾ ਅਧਿਕਾਰ-ਪੱਤਰ NSW ਦੇ ਪਬਲਿਕ ਸਕੂਲਾਂ ਦਿਆਂ ਮਾਪਿਆ, ਸੰਭਾਲਕਾਂ, ਸਿਖਿਆ ਪ੍ਰਦਾਨ ਕਰਨ ਵਾਲਿਆਂ ਅਤੇ ਸਕੂਲ ਦੇ ਕਰਮਚਾਰੀਆਂ ਲਈ ਯਕੀਨੀ ਬਣਾਉਣਾ ਹੈ ਕਿ ਸਾਡੇ ਸਿਖਿਆ ਦੇ ਵਾਤਾਵਰਣ ਸਹਿਯੋਗੀ, ਸਹਾਇਕ ਅਤੇ ਜੁੜਵੇਂ ਹੋਣ।

## ਸਾਡੇ ਸਕੂਲ ਕੀ ਪ੍ਰਦਾਨ ਕਰਦੇ ਹਨ

NSW ਦੇ ਪਬਲਿਕ ਸਕੂਲ ਰਲ ਕੇ ਵਿਦਿਆਰਥੀਆਂ, ਕਰਮਚਾਰੀਆਂ ਅਤੇ ਸਾਰੇ ਸਕੂਲ ਦੇ ਭਾਈਚਾਰੇ ਜੋ ਵਿਦਿਆਰਥੀਆਂ ਦਾ ਸਮਰਥਨ ਕਰਦੇ ਹਨ ਨਾਲ ਮਿਲ ਕੇ ਪ੍ਰਵਾਨਿਤ ਵਾਤਾਵਰਣ ਬਣਾਉਣ ਲਈ ਕੰਮ ਕਰਦੇ ਹਨ। ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਹਰ ਇੱਕ ਵਿਦਿਆਰਥੀ ਦੀ ਪਹਿਚਾਣ ਅਤੇ ਕਦਰ ਹੋਵੇ ਅਤੇ ਉਸ ਦੀ ਦੇਖ ਭਾਲ ਕੀਤੀ ਜਾਵੇ।

ਸਭ ਤੋਂ ਵਧੀਆਂ ਸਿਖਲਾਈ ਉਦੋਂ ਹੁੰਦੀ ਹੈ ਜਦੋਂ ਮਾਪੇ ਅਤੇ ਸਕੂਲ ਰਲ ਕੇ ਇਕੱਠੇ ਕੰਮ ਕਰਦੇ ਹਨ।

ਸਕੂਲ ਭਾਈਚਾਰੇ ਦਾ ਅਧਿਕਾਰ-ਪੱਤਰ NSW Department of Education ਦੀ 2018 – 2022 ਯੋਜਨਾ ਨਾਲ ਜੁੜਦਾ ਹੈ।



## ਨਿਸਚਾਤਮਕ ਵਾਤਾਵਰਣ

ਇਹ ਮਹੱਤਵਪੂਰਣ ਹੈ ਕਿ ਸਾਡੇ NSW ਦੇ ਪਬਲਿਕ ਸਕੂਲ ਨਿਸਚਾਤਮਕ ਵਾਤਾਵਰਣ ਹੋਣ ਅਤੇ ਮਾਪਿਆਂ ਅਤੇ ਸੰਭਾਲਕਾਂ ਨੂੰ ਵਿਦਿਆਰਥੀਆਂ ਦੀ ਪ੍ਰਗਤੀ ਅਤੇ ਸਕੂਲ ਵਲੋਂ ਕੀਤੇ ਐਲਾਨਾਂ ਬਾਰੇ ਸੂਚਿਤ ਕੀਤਾ ਜਾਵੇ।

ਮਾਪੇ ਅਤੇ ਸੰਭਾਲਕ ਇਹ ਆਸ ਰੱਖ ਸਕਦੇ ਹਨ:

- ਵਿਦਿਆਰਥੀਆਂ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਸਾਂਝਦਾਰੀ ਵਿੱਚ ਕੰਮ ਕਰਨ ਲਈ ਸਾਡੇ ਸਕੂਲਾਂ ਵਿੱਚ ਸਵਾਗਤ ਕੀਤਾ ਜਾਣਾ।
- ਸਕੂਲ ਦੇ ਕਰਮਚਾਰੀਆਂ ਤੋਂ ਸੰਚਾਰ ਸਮੇਂ ਸਿਰ, ਆਦਰ ਭਰਿਆ ਅਤੇ ਪੂਰੀ ਜਾਣਕਾਰੀ ਵਾਲਾ ਹੋਵੇਗਾ।
- ਸਕੂਲ ਦੇ ਕਰਮਚਾਰੀਆਂ ਨਾਲ ਪੇਸ਼ੇਵਾਰ ਰਿਸ਼ਤੇ ਪਾਰਦਰਸ਼ਿਤਾ, ਇਮਾਨਦਾਰੀ ਅਤੇ ਆਪਸੀ ਸਨਮਾਨ ‘ਤੇ ਆਧਾਰਿਤ ਹਨ।
- ਵਿਵਹਾਰ ਉਚਿਤ ਢੰਗ ਨਾਲ ਕੀਤਾ ਜਾਣਾ ਚਾਹਿਦਾ ਹੈ। ਜਿਵੇਂ ਅਸੀਂ ਵਿਭਿੰਨ ਰੂਪਾਂ ਦਾ ਸਨਮਾਨ ਕਰਦੇ ਹਾਂ, ਸਹਿਣਸ਼ੀਲਤਾ ਅਤੇ ਸਮਝ ਨੂੰ ਤਰੱਕੀ ਦਿੱਤੀ ਜਾਂਦੀ ਹੈ।

ਅਸੀਂ ਇੱਕ ਦੂਜੇ ਦਾ ਆਦਰ ਕਰਦੇ ਹਾਂ

ਅਸੀਂ ਸਾਰੇ ਵਿਦਿਆਰਥੀਆਂ ਅਤੇ ਕਰਮਚਾਰੀਆਂ ਦੀ ਤੰਦਰੁਸਤੀ ਨੂੰ ਤਰਜੀਹ ਦਿੰਦੇ ਹਾਂ

**ਅਸੁਰੱਖਿਅਤ ਵਿਵਹਾਰ** ਸਾਡੇ ਸਕੂਲਾਂ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ

ਅਸੀਂ ਸਕੂਲ ਨਾਲ ਮਿਲ ਕੇ ਕੰਮ ਕਰਦੇ ਹਾਂ

**NSW ਦੇ ਪਬਲਿਕ ਸਕੂਲਾਂ ਦਿਆਂ ਸਾਰਿਆਂ ਭਾਈਚਾਰਿਆਂ ਲਈ ਆਦਰਪੂਰਣ ਸਿਖਿਆ ਦਿਆਂ ਮਹੌਲਾਂ ਨੂੰ ਯਕੀਨੀ ਬਣਾਉਣਾ।**




ਅਸੀਂ ਸਹਿਭਾਗੀ ਸਿੱਖਣ ਦੇ ਵਾਤਾਵਰਣ ਬਣਾਉਂਦੇ ਹਾਂ

ਅਸੀਂ ਸਾਰੇ ਇਸ ਵਿੱਚ ਭਾਗ ਲੈਂਦੇ ਹਾਂ

ਅਸੀਂ ਵਿਦਿਆਰਥੀਆਂ ਦੀ ਸਿਖਿਆ ਨੂੰ ਉਤਸ਼ਾਹਿਤ ਕਰਨ ਲਈ ਸਾਂਝਦਾਰੀ ਨਾਲ ਕੰਮ ਕਰਦੇ ਹਾਂ

## ਸਾਡੇ ਸਕੂਲਾਂ ਨਾਲ ਗਲਬਾਤ ਕਰਨੀ

ਤੁਹਾਡੇ ਨਾਲ ਗਲਬਾਤ ਕਰਨ ਲਈ ਸਾਡੇ ਕਰਮਚਾਰੀ ਸਮਾਂ ਲੱਭਣਗੇ ਜਦੋਂ ਉਹ ਤੁਹਾਨੂੰ ਆਪਣਾ ਪੂਰਾ ਧਿਆਨ ਦੇ ਸੱਕਣ। ਕਿਰਪਾ ਕਰਕੇ ਨੋਟ ਕਰੋ ਕਿ ਜਦੋਂ ਸਾਡੇ ਕਰਮਚਾਰੀ ਕਲਾਸ ਵਿੱਚ ਹੁੰਦੇ ਹਨ ਜਾਂ ਹੋਰਨਾਂ ਮਾਮਲਿਆ ਨਾਲ ਨਜਿੱਠ ਰਹੇ ਹੁੰਦੇ ਹਨ, ਉਹ ਤੁਹਾਡੇ ਸਵਾਲਾਂ ਦੇ ਤੁਰੰਤ ਜਵਾਬ ਦੇਣ ਲਈ ਉਪਲਬਧ ਨਹੀਂ ਹੋ ਸੱਕਦੇ।



ਸਾਡਾ ਸਕੂਲ ਅਤੇ ਭਾਈਚਾਰਾ ਇਹ ਯਕੀਨੀ ਬਣਾਏਗਾ ਕਿ ਲਿਖਤੀ ਸੰਚਾਰ ਸਹੀ, ਉਚਿਤ ਅਤੇ ਪੜਨ ਲਈ ਆਸਾਨ ਹੋਵੇ। ਆਪਣੇ ਸਕੂਲ ਨਾਲ ਜੁੜੇ ਰਹਿਣ ਲਈ ਸਹੀ ਤਰੀਕੇ ਨਾਲ ਈ-ਮੇਲ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਲਈ ਅਸੀਂ ਤੁਹਾਨੂੰ ਉਤਸ਼ਾਹਿਤ ਕਰਦੇ ਹਾਂ ਤਾਂ ਜੋ ਤੁਸੀਂ ਸਕੂਲ ਦੇ ਭਾਈਚਾਰੇ ਵਿੱਚਲੇ ਆਉਣ ਵਾਲੇ ਸਮਾਗਮਾਂ ਬਾਰੇ ਹਮੇਸ਼ਾਂ ਜਾਣੂ ਰਹੋ।

ਮਾਪਿਆਂ, ਸੰਭਾਲਕਾਂ ਅਤੇ ਵਿਦਿਆਰਥੀਆਂ ਲਈ ਸਾਡੇ ਗਾਈਡ ਵਿੱਚ ਸ਼ਿਕਾਇਤ ਕਾਰਵਾਈ ਸਬੰਧਿਤ ਬਹੁਤ ਲਾਭਦਾਇਕ ਜਾਣਕਾਰੀ ਦਿੱਤੀ ਹੋਈ ਹੈ: https://education.nsw.gov.au/about-us/rights-and-accountability/complaints-compliments-and-suggestions/guide-for-parents-carers-and-students



## ਆਦਰਸ਼ਕ ਸੰਚਾਰ ਇੱਕ ਅਧਿਕਾਰ ਹੈ

ਸਾਰੇ ਕਾਰਜ ਸਥਾਨਾਂ ਵਿੱਚ ਲੋਕਾਂ ਨੂੰ ਮਾਣ ਮਹਿਸੂਸ ਕਰਨ ਦਾ ਹੱਕ ਹੁੰਦਾ ਹੈ। ਸਾਡੇ ਸਕੂਲੀ ਭਾਈਚਾਰਿਆਂ ਵਿੱਚ ਅਸਵੀਕਾਰਯੋਗ ਅਤੇ ਅਪਮਾਨਜਨਕ ਵਿਵਹਾਰ ਦਾ ਕੋਈ ਸਥਾਨ ਨਹੀਂ ਹੈ।

ਸਾਡੇ ਸਕੂਲਾਂ ਵਿੱਚ ਵਿਦਿਆਰਥੀਆਂ, ਸਕੂਲ ਕਰਮਚਾਰੀਆਂ ਅਤੇ ਭਾਈਚਾਰੇ ਦੀ ਬਿਹਤਰੀ ਨੂੰ ਯਕੀਨੀ ਬਣਾਉਣ ਲਈ, ਅਸਵੀਕਾਰਯੋਗ ਵਿਵਹਾਰ ਨੂੰ ਸੰਬੋਧਿਤ ਕਰਨ ਲਈ ਕਦਮ ਚੁੱਕੇ ਜਾਣਗੇ। ਇਸ ਵਿੱਚ ਸਕੂਲ ਦੇ ਭਾਈਚਾਰੇ ਨਾਲ ਸੰਪਰਕ ਦੀ ਰੋਕ ਸ਼ਾਮਲ ਹੋ ਸਕਦੀ ਹੈ ਜਾਂ ਵਧੇਰੇ ਗੰਭੀਰ ਮਾਮਲਿਆਂ ਵਿੱਚ NSW ਦੀ ਪੁਲੀਸ ਦੇ ਹਵਾਲੇ ਕੀਤਾ ਜਾ ਸਕਦਾ ਹੈ।



## ਆਦਰਸ਼ਕ ਸੰਚਾਰ ਇੱਕ ਅਧਿਕਾਰ ਹੈ

- ਆਕ੍ਰਮਣਸ਼ੀਲ ਜਾਂ ਡਰਾਉਣੀਆਂ ਕਾਰਵਾਈਆਂ, ਜਿਵੇਂ ਕਿ ਹਿੰਸਾ, ਧਮਕਾਉਣੇ ਇਸ਼ਾਰੇ ਜਾਂ ਸਰੀਰਕ ਨੇੜਤਾ।
- ਆਕ੍ਰਮਣਸ਼ੀਲ ਜਾਂ ਡਰਾਉਣੀ ਭਾਸ਼ਾ, ਜਿਸ ਵਿੱਚ ਅਸ਼ਲੀਲਤਾ ਦੀ ਵਰਤੋਂ, ਲਿੰਗਕ, ਜਾਤੀਵਾਦੀ ਜਾਂ ਅਪਮਾਨਜਨਕ ਟਿੱਪਣੀਆਂ ਜਾਂ ਬਦਤਮੀਜ਼ ਸੁਰ ਦੀ ਵਰਤੋਂ।
- ਸਕੂਲੀ ਭਾਈਚਾਰੇ ਦੇ ਮੈਂਬਰਾਂ ਨਾਲ ਉਨ੍ਹਾਂ ਦੇ ਧਰਮ ਜਾਂ ਅਯੋਗਤਾ ਵਰਗੀਆਂ ਹਾਲਾਤਾਂ ਕਾਰਨ ਵਖਰਾ ਸਲੂਕ ਕਰਨਾ।
- ਅਣਉਚਿਤ ਅਤੇ ਸਮਾਂ ਬਰਬਾਦ ਕਰਨ ਵਾਲੀ ਗਲਬਾਤ।

ਸਹਿਯੋਗੀ। ਸਤਿਕਾਰ ਵਾਲਾ। ਸੰਚਾਰਣ।